# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 19 ਜਨਵਰੀ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਉਲੰਪੀਅਨ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਦਾ ਮੈਗਜ਼ੀਨ 'ਖੇਡ ਸੰਸਾਰ' ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 19 ਜਨਵਰੀ : ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਾਸਿਕ ਮਿਲਣੀ ਪਿਛਲੇ ਦਿਨੀਂ ਸਥਾਨਕ ਸੀਨੀਅਰ ਸਿਟੀਜ਼ਨ ਸੈਂਟਰ ਸਰੀ ਵਿਖੇ ਹੋਈ। ਇਹ ਮਿਲਣੀ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਯਾਦ ਨੂੰ ਸਮਰਪਿਤ ਕੀਤੀ ਗਈ। ਇਸ ਮੌਕੇ ਉਲੰਪੀਅਨ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਦੇ ਖੇਡਾਂ ਨੂੰ ਸਮਰਪਿਤ ਮੈਗਜ਼ੀਨ 'ਖੇਡ ਸੰਸਾਰ' ਨੂੰ ਲੇਖਕਾਂ, ਬੁੱਧੀਜੀਵੀਆਂ ਅਤੇ ਸਰੋਤਿਆਂ ਦੀ ਭਰਪੂਰ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ। ਮਾਸਿਕ ਮਿਲਣੀ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਸਕੱਤਰ ਪਲਵਿੰਦਰ ਸਿੰਘ ਰੰਧਾਵਾ ਅਤੇ ਉਲੰਪੀਅਨ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਨੇ ਕੀਤੀ।

ਇਸ ਦੌਰਾਨ ਕੁਝ ਸ਼ੋਕ ਮਤਿਆਂ ਰਾਹੀਂ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ, ਪ੍ਰਸਿੱਧ ਸਾਹਿਤਕਾਰ ਸੁੱਚਾ ਸਿੰਘ ਕਲੇਰ ਦੀ ਸੁਪਤਨੀ ਹਰਬੰਸ ਕੌਰ ਕਲੇਰ, ਸਤਨਾਮ ਸਿੰਘ ਮਹਿਰਮ ਅਤੇ ਇਤਿਹਾਸਕਾਰ ਅਵਤਾਰ ਸਿੰਘ ਗਿੱਲ (ਸਾਬਕਾ ਜੱਜ) ਨੂੰ ਸਭਾ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ।

ਉਪਰੰਤ 'ਖੇਡ ਸੰਸਾਰ' ਮੈਗਜ਼ੀਨ ਬਾਰੇ ਆਪਣੇ ਪਰਚਿਆਂ ਰਾਹੀਂ ਪ੍ਰਿਤਪਾਲ ਗਿੱਲ, ਪ੍ਰੋ. ਕਸ਼ਮੀਰਾ ਸਿੰਘ ਅਤੇ ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਮੈਗਜ਼ੀਨ ਦੀ ਖੇਡ ਪੱਤਰਕਾਰੀ ਵਿੱਚ ਮਹੱਤਤਾ, ਦਿਸ਼ਾ ਅਤੇ ਵਿਸ਼ਾਲ ਦਾਇਰੇ ਨੂੰ ਉਜਾਗਰ ਕੀਤਾ। ਪ੍ਰਧਾਨਗੀ ਮੰਡਲ, ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦੀ ਮੌਜੂਦਗੀ ਵਿੱਚ ਮੈਗਜ਼ੀਨ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ।

ਇਸ ਮੌਕੇ ਸੰਤੋਖ ਸਿੰਘ ਮੰਡੇਰ ਨੇ ਆਪਣੇ ਮੈਗਜ਼ੀਨ ਬਾਰੇ ਗੱਲ ਕਰਦਿਆਂ ਕਿਹਾ ਕਿ 'ਖੇਡ ਸੰਸਾਰ' ਦਾ ਉਦੇਸ਼ ਖੇਡਾਂ ਦੀ ਸਹੀ, ਨਿਰਪੱਖ ਅਤੇ ਪ੍ਰੇਰਕ ਪੱਤਰਕਾਰੀ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਨੌਜਵਾਨ ਪੀੜ੍ਹੀ ਖੇਡਾਂ ਨਾਲ ਜੁੜ ਕੇ ਅੱਗੇ ਵਧੇ।

ਸਮਾਗਮ ਦੇ ਦੂਜੇ ਦੌਰ ਵਿੱਚ ਕਵੀ ਦਰਬਾਰ ਸਜਾਇਆ ਗਿਆ, ਜਿਸ ਦੌਰਾਨ ਹਾਜ਼ਰ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਮਿਲਣੀ ਨੂੰ ਸਾਹਿਤਕ ਰੰਗ ਦਿੱਤਾ। ਸਭਾ ਵੱਲੋਂ ਉਲੰਪੀਅਨ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਸਨਮਾਨ ਪ੍ਰਦਾਨ ਕਰਨ ਵਾਲਿਆਂ ਵਿਚ ਸਭਾ ਦੇ ਬੋਰਡ ਮੈਂਬਰ, ਪ੍ਰਧਾਨਗੀ ਮੰਡਲ, ਪਰਚੇ ਪੜ੍ਹਨ ਵਾਲੇ ਵਿਦਵਾਨ, ਇੰਦਰਜੀਤ ਧਾਮੀ ਅਤੇ ਪ੍ਰੋ. ਹਰਿੰਦਰ ਕੌਰ ਸੋਹੀ ਸ਼ਾਮਿਲ ਸਨ।

ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਪਲਵਿੰਦਰ ਸਿੰਘ ਰੰਧਾਵਾ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ। ਅੰਤ ਵਿੱਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਾਰੇ ਹਾਜ਼ਰੀਨ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਸਭਨਾਂ ਦਾ ਦਿਲੋਂ ਧੰਨਵਾਦ ਕੀਤਾ।

## ਮਹਾਨ ਸ਼ਹੀਦ ਸ. ਸੇਵਾ ਸਿੰਘ ਠੀਕਰੀਵਾਲਾ ਦਾ ਬਰਸੀ ਸਮਾਗਮ*

### ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ, ਸੰਸਦ ਮੈਂਬਰ ਮੀਤ ਹੇਅਰ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਸਮੇਤ ਹੋਰ ਆਗੂਆਂ ਵਲੋਂ ਸ਼ਰਧਾਂਜਲੀ ਭੇਂਟ

### ਠੀਕਰੀਵਾਲਾ ਵਿਖੇ ਨਰਸਿੰਗ ਕਾਲਜ ਦਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇਗਾ, ਵਿੱਤ ਮੰਤਰੀ ਹਰਪਾਲ ਚੀਮਾ

### ਸੇਵਾ ਸਿੰਘ ਠੀਕਰੀਵਾਲਾ ਦੀ ਹਵੇਲੀ ਨਵਿਆਉਣ ਅਤੇ ਸਾਂਭ ਸੰਭਾਲ ਲਈ ਅਨੁਮਾਨਿਤ ਖਰਚੇ ਸਬੰਧੀ ਦਿਸ਼ਾ ਨਿਰਦੇਸ਼ ਜਾਰੀ

### ਪਿੰਡ ਠੀਕਰੀਵਾਲ ਦੀਆਂ 12.99 ਕਿਲੋਮੀਟਰ ਸੜਕਾਂ 959.49 ਲੱਖ ਰੁਪਏ ਦੀ ਲਾਗਤ ਨਾਲ ਬਣਾਈਆਂ ਜਾਣਗੀਆਂ

### ਮੰਤਰੀ ਹਰਪਾਲ ਚੀਮਾ, ਮੰਤਰੀ ਅਮਨ ਅਰੋੜਾ, ਸੰਸਦ ਮੀਤ ਹੇਅਰ, ਵਿਧਾਇਕ ਪੰਡੋਰੀ ਨੇ ਰੱਖਿਆ ਨੀਂਹ ਪੱਥਰ

### ਪਿੰਡ ਠੀਕਰੀਵਾਲਾ ਨਾਲ ਸਬੰਧਤ ਸਾਰੇ ਕੰਮ ਜਲਦ ਹੀ ਨੇਪਰੇ ਚਾੜ੍ਹੇ ਜਾਣਗੇ, ਅਮਨ ਅਰੋੜਾ

ਵਰਲਡ ਪੰਜਾਬੀ ਟਾਈਮਜ਼ ਜਗਮੋਹਨ ਸ਼ਾਹ ਰਾਏਸਰ




ਬਰਨਾਲਾ,19 ਜਨਵਰੀ : ਪਿੰਡ ਠੀਕਰੀਵਾਲਾ ਵਿੱਚ ਸ੍ਰ. ਸੇਵਾ ਸਿੰਘ ਠੀਕਰੀਵਾਲਾ ਦੀ ਹਵੇਲੀ ਨਵਿਆਉਣ ਅਤੇ ਸਾਂਭ ਸੰਭਾਲ ਲਈ ਅਨੁਮਾਨਿਤ ਖਰਚੇ ਸਬੰਧੀ ਦਿਸ਼ਾ ਨਿਰਦੇਸ਼ ਜ਼ਿਲ੍ਹਾ ਪ੍ਰਸਾਸ਼ਨ ਨੂੰ ਜਾਰੀ ਕਰ ਦਿੱਤੇ ਗਏ ਹਨ, ਜਿਸ ਅਨੁਸਾਰ ਫੰਡਜ਼ ਪੰਜਾਬ ਸਰਕਾਰ ਵੱਲੋਂ ਜਾਰੀ ਕਰ ਦਿੱਤੇ ਜਾਣਗੇ। ਇਨਾਂ ਸ਼ਬਦਾਂ ਦਾ ਪ੍ਰਗਟਾਵਾਂ ਵਿੱਤ ਮੰਤਰੀ ਪੰਜਾਬ ਸ. ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਪਿੰਡ ਠੀਕਰੀਵਾਲਾ ਵਿੱਚ ਪਰਜਾ ਮੰਡਲ ਲਹਿਰ ਦੇ ਮਹਾਨ ਸ਼ਹੀਦ ਸ. ਸੇਵਾ ਸਿੰਘ ਠੀਕਰੀਵਾਲਾ ਜੀ ਦੇ 92ਵੀਂ ਬਰਸੀ ਸਮਾਗਮ ਦੌਰਾਨ ਕੀਤਾ। ਉਨ੍ਹਾਂ ਕੈਬਨਿਟ ਮੰਤਰੀ ਅਮਨ ਅਰੋੜਾ, ਸੰਸਦ ਮੈਂਬਰ ਮੀਤ ਹੇਅਰ ਅਤੇ ਵਿਧਾਇਕ ਮਹਿਲ ਕਲਾਂ ਤੇ ਵਿਸ਼ੇਸ਼ ਅਧਿਕਾਰ ਕਮੇਟੀ (ਵਿਧਾਨ ਸਭਾ) ਦੇ ਚੇਅਰਮੈਨ ਸ. ਕੁਲਵੰਤ ਸਿੰਘ ਪੰਡੋਰੀ, ਚੇਅਰਮੈਨ ਪਲਾਨਿੰਗ ਬੋਰਡ ਬਰਨਾਲਾ ਪਰਮਿੰਦਰ ਸਿੰਘ ਭੰਗੂ ਅਤੇ ਹੋਰ ਆਗੂਆਂ ਸਮੇਤ ਪਿੰਡ ਠੀਕਰੀਵਾਲਾ ਵਿੱਚ ਮਹਾਨ ਸ਼ਹੀਦ ਸ. ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਇਸ ਮੌਕੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿੰਡ ਠੀਕਰੀਵਾਲਾ ਵਿਖੇ ਨਰਸਿੰਗ ਕਾਲਜ ਦਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇਗਾ। ਇਸ ਸਬੰਧੀ ਕੁੱਝ ਕਮੀਆਂ ਹਨ ਉਨ੍ਹਾਂ ਨੂੰ ਪੂਰਾ ਕਰਨ ਲਈ ਸਿਹਤ ਵਿਭਾਗ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।ਵਿੱਤ ਮੰਤਰੀ ਸ੍ਰੀ ਚੀਮਾ ਨੇ ਕਿਹਾ ਕਿ ਜੋ ਭਾਈਚਾਰੇ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੇ ਹਨ ਉਹ ਹਮੇਸ਼ਾ ਅੱਗੇ ਵਧਦੇ ਹਨ ਅਤੇ ਪੰਜਾਬ ਨੂੰ ਆਪਣੇ ਸ਼ਹੀਦਾਂ ਤੋਂ ਅਸ਼ੀਰਵਾਦ ਪ੍ਰਾਪਤ ਹੋਣ ਦਾ ਵਿਲੱਖਣ ਮਾਨ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਸੇਵਾ ਸਿੰਘ ਠੀਕਰੀਵਾਲ ਜੀ ਨੇ ਆਮ ਲੋਕਾਂ ਦੇ ਹੱਕ ਦੀ ਲੜਾਈ ਲੜੀ ਅਤੇ ਪਰਜਾਪਤ ਮੰਡਲ ਦੇ ਨਾਇਕ ਬਣੇ।

ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ, ਮੰਤਰੀ ਸ੍ਰੀ ਅਮਨ ਅਰੋੜਾ, ਮੈਂਬਰ ਸੰਸਦ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਸ੍ਰੀ ਕੁਲਵੰਤ ਸਿੰਘ ਪੰਡੋਰੀ ਨੇ ਅੱਜ ਠੀਕਰੀਵਾਲ ਪਿੰਡ ਦੀਆਂ 12.99 ਕਿਲੋਮੀਟਰ ਸੜਕਾਂ ਨੂੰ 959.49 ਲੱਕ ਰੁਪਏ ਦੀ ਲਾਗਤ ਨਾਲ ਬਣਾਉਣ ਸਬੰਧੀ ਨੀਂਹ ਪੱਥਰ ਰੱਖਿਆ। ਠੀਕਰੀਵਾਲ ਤੋਂ ਸ਼ਮਸ਼ਾਨਘਾਟ ਤੱਕ 10 ਫੁੱਟ ਚੌੜੀ ਅਤੇ 0.25 ਕਿਲੋਮੀਟਰ ਲੰਬੀ ਸੜਕ 13 ਲੱਖ ਰੁਪਏ ਦੀ ਲਾਗਤ ਨਾਲ ਅਤੇ ਠੀਕਰੀਵਾਲ ਰਾਇਸਰ ਤੋਂ ਚੁਸ਼ਪਾ ਅਤੇ ਕੁਟੀਆ ਤੱਕ 2. 20 ਕਿਲੋਮੀਟਰ ਦੀ ਲਾਗਤ ਨਾਲ ਸੜਕ ਨਵੀਆਂ ਬਣਾਈਆਂ ਜਾਣਗੀਆਂ।

ਇਸੇ ਤਰ੍ਹਾਂ ਨਾਈਵਾਲ ਤੋਂ ਠੀਕਰੀਵਾਲ 3.40 ਕਿਲੋਮੀਟਰ ਸੜਕ 10 ਫੁੱਟ ਤੋਂ 18 ਫੁੱਟ ਕਰਨ ਲਈ 340 ਲੱਖ ਰੁਪਏ ਖਰਚੇ ਜਾਣਗੇ। ਇਸੇ ਤਰ੍ਹਾਂ ਠੀਕਰੀਵਾਲਾ ਤੋਂ ਭੱਦਲਵੱਢ ਦੀ ਸੜਕ 3.74 ਕਿਲੋਮੀਟਰ 10 ਫੁੱਟ ਤੋਂ 18 ਫੁੱਟ ਚੌੜੀ ਕੀਤੀ ਜਾਣੀ ਹੈ ਜਿਸ ਉੱਤੇ ਲਾਗਤ 220.29 ਲੱਖ ਰੁਪਏ ਆਵੇਗੀ। ਠੀਕਰੀਵਾਲ ਤੋਂ ਚੁਹਾਣਕੇ ਖੁਰਦ (ਨਗਰ ਨਿਗਮ ਹੱਦ ਤੱਕ) 3.40 ਕਿਲੋਮੀਟਰ ਲੰਬੀ ਸੜਕ 272 ਲੱਖ ਰੁਪਏ ਦੀ ਲਾਗਤ ਨਾਲ ਚੌੜੀ ਕੀਤੀ ਜਾਵੇਗੀ।

ਇਸ ਮੌਕੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੇ ਹਜ਼ਾਰਾਂ ਕਰੋੜਾਂ ਰੁਪਏ ਲਗਾ ਕੇ ਸੂਬੇ ਦਾ ਪਾਣੀ ਸੰਭਾਲਿਆ ਹੈ। ਪਿਛਲੇ 4 ਸਾਲਾਂ 'ਚ ਇਕੱਲੇ ਬਰਨਾਲਾ ਨੂੰ 300 ਕਰੋੜ ਦੇ ਨਹਿਰੀ ਵਿਭਾਗ ਦੇ ਪ੍ਰੋਜੈਕਟ ਮਿਲੇ ਹਨ। ਇਸ ਤੋਂ ਇਲਾਵਾ 600 ਯੂਨਿਟ ਮੁਫ਼ਤ ਬਿਜਲੀ ਨਾਲ ਪਿੰਡਾਂ 'ਚ 90 ਫੀਸਦੀ ਘਰਾਂ ਦਾ ਬਿੱਲ ਜ਼ੀਰੋ ਹੋ ਗਿਆ ਹੈ।

ਉਹਨਾਂ ਅੱਗੇ ਦੱਸਿਆ ਕਿ ਹੁਣ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਸਰਬੱਤ ਦਾ ਭਲਾ ਸਮਝਦੇ ਹੋਏ ਹਰ ਇੱਕ ਵਰਗ ਲਈ ਸ਼ੁਰੂ ਕੀਤਾ ਹੈ ਅਤੇ ਇਸ ਦੀ ਕੋਈ ਹੋਰ ਸ਼ਰਤ ਨਹੀਂ। ਪੰਜਾਬ ਸਰਕਾਰ ਲੋਕਾਂ ਦੀ ਆਰਥਿਕ ਲੁੱਟ ਰੋਕਣ ਲਈ 17 ਟੋਲ ਪਲਾਜ਼ਾ ਬੰਦ ਕਰਵਾਏ। ਇਮਾਨਦਾਰੀ ਨਾਲ ਚੱਲਣ ਵਾਲੀ ਸਰਕਾਰ ਨੇ ਆਪਣੇ ਖ਼ਜ਼ਾਨੇ ਆਮ ਲੋਕਾਂ ਲਈ ਖੁੱਲੇ ਰੱਖੇ ਹਨ। ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਬਰਨਾਲਾ ਨੂੰ 242 ਕਰੋੜ ਰੁਪਏ ਦੇ ਸੜਕਾਂ ਦੇ ਪ੍ਰੋਜੈਕਟ ਦਿੱਤੇ ਗਏ ਹਨ ਜਿਨਾਂ ਦਾ ਕੰਮ 31 ਮਾਰਚ ਤੱਕ ਮੁਕੰਮਲ ਹੋ ਜਾਵੇਗਾ।

ਇਸ ਦੌਰਾਨ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨੀਕਰੀਵਾਲ ਵਾਸੀ ਉਸ ਧਰਤੀ ਦੇ ਵਾਰਿਸ ਹਨ, ਜਿੱਥੇ ਸੇਵਾ ਸਿੰਘ ਠੀਰੀਵਾਲਾ ਨੇ ਲੋਕਾਂ ਦੇ ਭਲੇ ਲਈ ਜੰਗ ਸ਼ੁਰੂ ਕੀਤੀ। ਉਨ੍ਹਾਂ ਨੇ ਦੁਨਿਆਵੀ ਆਰਾਮ ਛੱਡ ਕੇ ਦੇਸ਼ ਲਈ ਲੜਾਈ ਲੜੀ। ਉਹਨਾਂ ਨੇ ਵਿਸ਼ਵਾਸ ਦਵਾਇਆ ਕਿ ਪਿੰਡ ਠੀਕਰੀਵਾਲਾ ਨਾਲ ਸਬੰਧਤ ਸਾਰੇ ਕੰਮ ਜਲਦ ਹੀ ਨੇਪਰੇ ਚਾੜ੍ਹੇ ਜਾਣਗੇ।

ਉਹਨਾਂ ਦੱਸਿਆ ਕਿ ਪਟਿਆਲਾ ਸ਼ਹਿਰ ਵਿੱਚ ਸਥਿਤ ਮਹਾਨ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਬੁੱਤ ਦੀ ਦਿਖ ਨੂੰ ਹੋਰ ਬਿਹਤਰ ਬਣਾਉਣ ਲਈ ਉੱਥੇ ਲੱਗੀਆਂ ਸੋਲਰ ਲਾਈਟਾਂ ਨੂੰ ਸਹੀ ਤਰੀਕੇ ਨਾਲ ਲਗਾਉਣ ਲਈ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਗਏ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਬਰਨਾਲਾ ਸ੍ਰੀ ਅਮਿਤ ਬੈਂਬੀ, ਉੱਪ ਮੰਡਲ ਮਜਿਸਟ੍ਰੇਟ ਸ੍ਰੀ ਆਯੁਸ਼ ਗੋਇਲ ਅਤੇ ਹੋਰ ਅਫ਼ਸਰ ਹਾਜ਼ਰ ਸਨ।

## ਸਰੀ ਵਿਚ ਐਮ ਪੀ ਅਮਨਦੀਪ ਸੋਢੀ ਦਾ ਨਿੱਘਾ ਸਨਮਾਨ, ਲੋਕੀ ਮੁੱਦਿਆਂ 'ਤੇ ਹੋਈ ਖੁੱਲ੍ਹੀ ਗੱਲਬਾਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 19 ਜਨਵਰੀ : ਬਰੈਂਪਟਨ ਸੈਂਟਰਲ ਤੋਂ ਮੈਂਬਰ ਪਾਰਲੀਮੈਂਟ ਅਮਨਦੀਪ ਸੋਢੀ ਦੇ ਸਰੀ ਦੌਰੇ ਮੌਕੇ ਉਨ੍ਹਾਂ ਦਾ ਸਥਾਨਕ ਭਾਈਚਾਰੇ ਵੱਲੋਂ ਗਰਮਜੋਸ਼ੀ ਨਾਲ ਸੁਆਗਤ ਕੀਤਾ ਗਿਆ। ਇਸ ਸਬੰਧੀ ਕਲੋਵਰਡੇਲ-ਲੈਂਗਲੀ ਲੋਕ ਸਭਾ ਹਲਕਾ ਕਮੇਟੀ ਦੇ ਮੈਂਬਰ ਭੁਪਿੰਦਰ ਸਿੰਘ ਲੱਧੜ ਦੇ ਗ੍ਰਹਿ ਵਿਖੇ ਉਨ੍ਹਾਂ ਦੇ ਮਾਣ ਵਿੱਚ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਨੇ ਮਿਲਾਪ ਅਤੇ ਵਿਚਾਰ-ਸਾਂਝ ਦਾ ਸੁਹਾਵਣਾ ਰੂਪ ਧਾਰਨ ਕੀਤਾ।

ਸਮਾਗਮ ਦੀ ਅਗਵਾਈ ਆਈਕ ਸੇਖੋਂ ਵੱਲੋਂ ਕੀਤੀ ਗਈ। ਇਸ ਮੌਕੇ ਨਵ ਚਾਹਲ, ਹਰਮਨ ਲੱਧੜ, ਬਲਦੇਵ ਸਿੰਘ ਲੱਧੜ, ਬਲਦੇਵ ਸਿੰਘ ਬਰਾੜ, ਕਾਕਾ ਸੇਖੋਂ, ਗਗਨਦੀਪ ਸਹੋਤਾ, ਮਨਕੀਰਤ ਬੱਲ ਅਤੇ ਮਨਿੰਦਰ ਘਾਰੂ ਸਮੇਤ ਕਈ ਪਤਵੰਤੇ ਹਾਜ਼ਰ ਰਹੇ। ਇਸ ਦੇ ਨਾਲ ਹੀ ਸੀ.ਫੇਸ ਸੰਸਥਾ ਦੇ ਮੈਂਬਰਾਂ ਅੰਮ੍ਰਿਤਪਾਲ ਸਿੰਘ ਢੋਟ, ਮਨਜੀਤ ਸਿੰਘ ਚੀਮਾ, ਲਖਵੀਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਲੱਧੜ, ਕੰਵਲਜੀਤ ਸਿੰਘ ਮਾਨਾਵਾਲਾ, ਸੰਦੀਪ ਧੰਜੂ ਅਤੇ ਸ੍ਰੀਕਾਂਤ ਨੇ ਵੀ ਸਮਾਗਮ ਦੀ ਸ਼ੋਭਾ ਵਧਾਈ।

ਇਸ ਮਿਲਣੀ ਦੌਰਾਨ ਹਾਜ਼ਰ ਲੋਕਾਂ ਵੱਲੋਂ ਕੈਨੇਡਾ ਦੇ ਮੌਜੂਦਾ ਰਾਜਨੀਤਕ ਹਾਲਾਤ, ਆਰਥਿਕ ਚੁਣੌਤੀਆਂ ਅਤੇ ਸੁਰੱਖਿਆ ਨਾਲ ਜੁੜੇ ਸੰਵੇਦਨਸ਼ੀਲ ਮੁੱਦਿਆਂ 'ਤੇ ਐਮ ਪੀ ਅਮਨਦੀਪ ਸੋਢੀ ਨਾਲ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਲੋਕਾਂ ਨੇ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਦਿਆਂ ਉਮੀਦ ਜ਼ਾਹਰ ਕੀਤੀ ਕਿ ਇਹ ਆਵਾਜ਼ ਉੱਚ ਪੱਧਰ ਤੱਕ ਸੁਣੀ ਜਾਵੇਗੀ।

ਐਮ ਪੀ ਅਮਨਦੀਪ ਸੋਢੀ ਨੇ ਭਰੋਸਾ ਦਿਵਾਇਆ ਕਿ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ, ਖ਼ਾਸ ਕਰਕੇ ਸੁਰੱਖਿਆ ਵਰਗੇ ਗੰਭੀਰ ਮੁੱਦੇ, ਫੈਡਰਲ ਸਰਕਾਰ ਦੇ ਮੰਚ ਤੱਕ ਪਹੁੰਚਾਉਣ ਲਈ ਉਹ ਆਪਣੀ ਭੂਮਿਕਾ ਨਿਭਾਉਣਗੇ। ਉਨ੍ਹਾਂ ਨੇ ਲੋਕਾਂ ਨਾਲ ਸਿੱਧੀ ਗੱਲਬਾਤ ਨੂੰ ਲੋਕਤੰਤਰ ਦੀ ਅਸਲੀ ਤਾਕਤ ਕਰਾਰ ਦਿੱਤਾ।

ਸਮਾਗਮ ਦੇ ਅੰਤ ਵਿੱਚ ਭੁਪਿੰਦਰ ਸਿੰਘ ਲੱਧੜ ਵੱਲੋਂ ਐਮ ਪੀ ਅਮਨਦੀਪ ਸੋਢੀ ਅਤੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਇਸ ਤਰ੍ਹਾਂ ਦੀਆਂ ਮਿਲਣੀਆਂ ਨੂੰ ਭਾਈਚਾਰੇ ਅਤੇ ਨੁਮਾਇੰਦਿਆਂ ਵਿਚਕਾਰ ਪੁਲ ਬਣਾਉਣ ਵਾਲੀਆਂ ਕਰਾਰ ਦਿੱਤਾ।

## ਸਿਆਟਲ ਵਿਖੇ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦੀ ਪੁਸਤਕ 'ਅਕਲ ਨੂੰ ਸਜ਼ਾ' ਦਾ ਲੋਕ ਅਰਪਣ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 19 ਜਨਵਰੀ : ਪੰਜਾਬੀ ਲਿਖ਼ਾਰੀ ਸਭਾ ਸਿਆਟਲ (ਅਮਰੀਕਾ) ਵੱਲੋਂ ਕੈਂਟ ਸਿਟੀ ਸਥਿਤ ਰੰਧਾਵਾ ਫਾਊਂਡੇਸ਼ਨ ਦੇ ਹਾਲ ਵਿੱਚ ਇਕੱਤੀ ਪੁਸਤਕਾਂ ਦੇ ਰਚੇਤਾ, ਪ੍ਰਸਿੱਧ ਗੀਤਕਾਰ ਅਤੇ ਸਮਾਜਿਕ ਚੇਤਨਾ ਦੀ ਮਜ਼ਬੂਤ ਆਵਾਜ਼ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦੀ ਨਵੀਂ ਕਹਾਣੀ ਪੁਸਤਕ 'ਅਕਲ ਨੂੰ ਸਜ਼ਾ' ਲੇਖਕਾਂ ਅਤੇ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਵਿੱਚ ਲੋਕ ਅਰਪਣ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਸਭਾ ਦੇ ਮੋਢੀ ਅਵਤਾਰ ਸਿੰਘ ਆਦਮਪੁਰੀ ਦੇ ਵਿਚਾਰਾਂ ਨਾਲ ਹੋਈ। ਉਨ੍ਹਾਂ ਕਿਹਾ ਕਿ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਸਿਰਫ਼ ਆਪਣੇ ਪਿੰਡ ਵਹਿਣੀਵਾਲ ਜਾਂ ਸਿਆਟਲ ਤੱਕ ਸੀਮਿਤ ਨਹੀਂ, ਸਗੋਂ ਸੰਸਾਰ ਭਰ ਵਿੱਚ ਵਸਦੇ ਪੰਜਾਬੀਆਂ ਲਈ ਮਾਣ ਅਤੇ ਪ੍ਰੇਰਣਾ ਹਨ। ਉਨ੍ਹਾਂ ਦੀ ਲੇਖਣੀ ਮਨੁੱਖੀ ਜੀਵਨ ਦੀਆਂ ਨਾਜ਼ੁਕ ਪਰਤਾਂ ਨੂੰ ਖੋਲ੍ਹਦੀ ਹੈ ਅਤੇ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਨਿਧੱੜਕ ਹੋ ਕੇ ਸੱਚ ਬੋਲਦੀ ਹੈ। ਉਨ੍ਹਾਂ ਦੱਸਿਆ ਕਿ ਸਕੂਲੀ ਦਿਨਾਂ ਵਿੱਚ ਚੁੱਕੀ ਕਲਮ ਅੱਜ ਸੱਤਰਵੇਂ ਵਰ੍ਹਿਆਂ ਵਿੱਚ ਵੀ ਓਨੀ ਹੀ ਸੱਚਾਈ ਨਾਲ ਚੱਲ ਰਹੀ ਹੈ। ਚੀਮਾ ਸਾਹਿਬ ਦੇ ਅਨੇਕਾਂ ਗੀਤ ਰਿਕਾਰਡ ਹੋ ਚੁੱਕੇ ਹਨ, ਸਿੱਖ ਇਤਿਹਾਸ ਸਬੰਧੀ ਪੈਂਤੀ ਅੱਖਰੀ ਵੱਡਾ ਪੋਸਟਰ ਸਕੂਲਾਂ ਵਿੱਚ ਲੱਗਿਆ ਮਿਲਦਾ ਹੈ ਅਤੇ ਬੱਚਿਆਂ ਲਈ ਚਾਰ ਪੁਸਤਕਾਂ ਵੀ ਉਨ੍ਹਾਂ ਦੀ ਰਚਨਾਤਮਕ ਯਾਤਰਾ ਦਾ ਹਿੱਸਾ ਹਨ।

ਕਿਤਾਬ 'ਅਕਲ ਨੂੰ ਸਜ਼ਾ' ਉੱਤੇ ਅਮਰਜੀਤ ਸਿੰਘ ਤਰਸਿੱਕਾ, ਕਰਨੈਲ ਕੈਲ, ਅਵਤਾਰ ਸਿੰਘ ਆਦਮਪੁਰੀ ਅਤੇ ਡਾ. ਸੁਖਵੀਰ ਸਿੰਘ ਬੀਹਲਾ ਵੱਲੋਂ ਵਿਸਥਾਰਿਤ ਪਰਚੇ ਪੜ੍ਹੇ ਗਏ। ਇਨ੍ਹਾਂ ਬੁਲਾਰਿਆਂ ਨੇ ਪੁਸਤਕ ਵਿਚਲੀਆਂ ਕਹਾਣੀਆਂ ਦੀ ਸਮਾਜਿਕ ਸੰਵੇਦਨਾ, ਵਿਚਾਰਧਾਰਕ ਗਹਿਰਾਈ ਅਤੇ ਕਲਾਤਮਿਕ ਪਰਪੱਕਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਪੁਸਤਕ ਆਮ ਮਨੁੱਖ ਦੀ ਸੋਚ, ਸੰਘਰਸ਼ ਅਤੇ ਅੰਦਰੂਨੀ ਟਕਰਾਅ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ।

ਸਾਹਿਤਕ ਸਮਾਰੋਹ ਨੂੰ ਹੋਰ ਰੰਗੀਨ ਬਣਾਉਂਦੇ ਹੋਏ ਸ਼ਿੰਗਾਰ ਸਿੰਘ ਸਿੱਧੂ, ਹਰਿੰਦਰਪਾਲ ਸਿੰਘ ਬੈਂਸ, ਮਨਜੀਤ ਕੌਰ ਗਿੱਲ, ਯਸ਼ ਸਾਥੀ ਲੁਧਿਆਣਵੀ, ਹਰਪਾਲ ਸਿੱਧੂ, ਗੁਰਪ੍ਰੀਤ ਸੋਹਲ, ਸੁਖਦੀਪ ਸਿੰਘ ਔਲਖ, ਮਨਜੀਤ ਚਾਹਲ, ਹਰਜਿੰਦਰ ਸਿੰਘ ਨਾਗੋਕੇ, ਜਸਬੀਰ ਸਿੰਘ ਸਹੋਤਾ, ਈਸ਼ਰ ਸਿੰਘ ਗਰਚਾ, ਨਵੀਨ ਰਾਏ, ਸਰਬਜੀਤ ਸਿੰਘ, ਅਨਮੋਲ ਚੀਮਾ, ਦਵਿੰਦਰ ਸਿੰਘ ਹੀਰਾ, ਸਾਹਿਬ ਥਿੰਦ (ਕੈਨੇਡਾ), ਰਮਿੰਦਰਜੀਤ ਸਿੰਘ ਧਾਮੀ ਅਤੇ ਪ੍ਰੋ. ਡੀ. ਐਸ. ਪੰਨੂੰ (ਰਿਟਾਇਰਡ, ਖਾਲਸਾ ਕਾਲਜ ਅੰਮ੍ਰਿਤਸਰ) ਨੇ ਆਪਣੀਆਂ ਰਚਨਾਵਾਂ ਅਤੇ ਵਿਚਾਰਾਂ ਰਾਹੀਂ ਚੀਮਾ ਸਾਹਿਬ ਨੂੰ ਵਧਾਈ ਦਿੱਤੀ।

ਸਰੋਤਿਆਂ ਵਿੱਚ ਅਮ੍ਰਿਤਪਾਲ ਸਿੰਘ ਸਹੋਤਾ, ਰਾਮ ਸਿੰਘ ਧਾਲੀਵਾਲ, ਬਲਜਿੰਦਰ ਸਿੰਘ, ਬਰਿੰਦਰ ਢਿੱਲੋਂ, ਸਰਬਜੀਤ ਸਿੰਘ ਲੋਸ਼ਮ, ਰਜਿੰਦਰ ਸਿੰਘ ਦਿਓਲ, ਹਰਵਿੰਦਰ ਸਿੰਘ ਮੱਟੂ, ਭੁਪਿੰਦਰ ਸਿੰਘ, ਸਰਬਜੀਤ ਸਿੰਘ ਭੰਡਾਲ, ਅਜੀਤ ਕੌਰ, ਸੁਰਿੰਦਰ ਕੌਰ, ਮਨਵੀਰ ਕੌਰ, ਮਲਕੀਤ ਕੌਰ, ਦਲਜੀਤ ਕੌਰ ਚੀਮਾ, ਕਾਨ੍ਹ ਸਿੰਘ, ਸੁਖਰਾਜ ਕੌਰ, ਬਘੇਲ ਸਿੰਘ, ਲਾਲੀ ਸੰਧੂ, ਪੁਨਰਜੋਤ ਸਿੰਘ, ਅਵਨੀਤ ਕੌਰ, ਮਿਸਿਜ਼ ਗਰਚਾ, ਰੀਟਾ, ਮਸਕੀਨ ਕੌਰ ਅਤੇ ਰਾਜਵਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ-ਪ੍ਰੇਮੀ ਮੌਜੂਦ ਸਨ।

ਆਖ਼ਿਰ ਵਿੱਚ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਨੇ ਆਪਣੇ ਸੰਬੋਧਨ ਵਿੱਚ ਕਿਤਾਬ ਦੀਆਂ ਕਹਾਣੀਆਂ ਦੇ ਪਿੱਛੇ ਲੁਕੇ ਮੰਤਵਾਂ, ਜੀਵਨ ਦੇ ਅਣਛੋਹੇ ਪਹਿਲੂਆਂ ਅਤੇ ਸਮਾਜਿਕ ਸੱਚਾਈਆਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੇ ਹਾਸ-ਵਿਅੰਗ ਭਰੇ ਅੰਦਾਜ਼ ਨੇ ਮਾਹੌਲ ਨੂੰ ਰੌਣਕਮਈ ਬਣਾ ਦਿੱਤਾ। ਉਨ੍ਹਾਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਪੰਜਾਬੀ ਲਿਖ਼ਾਰੀ ਸਭਾ ਸਿਆਟਲ ਦੇ ਸਾਹਿਤਕ ਉਪਰਾਲਿਆਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਸਮਾਗਮ ਦਾ ਸੰਚਾਲਨ ਗੁਰਪ੍ਰੀਤ ਸੋਹਲ ਅਤੇ ਡਾ. ਸੁਖਵੀਰ ਸਿੰਘ ਬੀਹਲਾ ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

## ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਡੋਨਾਲਡ ਟਰੰਪ ਦੀ ਗੁੰਡਾਗਰਦੀ ਨੀਤੀ ਦਾ ਸਖ਼ਤ ਵਿਰੋਧ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

TARKSHEEL SOCIETY OF CANADA

ਸਰੀ, 19 ਜਨਵਰੀ : ਤਰਕਸ਼ੀਲ ਸੁਸਾਇਟੀ ਕੈਨੇਡਾ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਪਤਨੀ ਨੂੰ ਅਗਵਾ ਕਰਕੇ ਅਮਰੀਕਾ ਲਿਆਂਦੇ ਜਾਣ ਦੀ ਘਟਨਾ ਦੀ ਤਿੱਖੀ ਨਿੰਦਿਆ ਕੀਤੀ ਹੈ। ਸੁਸਾਇਟੀ ਨੇ ਇਸ ਕਦਮ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਖੁੱਲ੍ਹੀ ਉਲੰਘਣਾ ਕਰਾਰ ਦਿੱਤਾ ਹੈ।

ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਰਪ੍ਰਸਤ ਅਵਤਾਰ ਬਾਈ, ਪ੍ਰਧਾਨ ਬਲਦੇਵ ਰੈਹਿਪਾ, ਜਨਰਲ ਸਕੱਤਰ ਬੀਰਬਲ ਭਦੌੜ, ਮੀਤ ਪ੍ਰਧਾਨ ਬਲਵਿੰਦਰ ਬਰਨਾਲਾ, ਮੀਡੀਆ ਸਕੱਤਰ ਸੁਰਿੰਦਰ ਚਾਹਲ ਅਤੇ ਖ਼ਜ਼ਾਨਚੀ ਜਗਰੂਪ ਸਿੰਘ ਵੱਲੋਂ ਜਾਰੀ ਇਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਦੇਸ਼ ਦੀ ਅਗਵਾਈ ਅਤੇ ਉਸ ਦੀ ਕਾਰਗੁਜ਼ਾਰੀ ਬਾਰੇ ਫੈਸਲਾ ਕਰਨ ਦਾ ਅਧਿਕਾਰ ਸਿਰਫ਼ ਉਸ ਦੇਸ਼ ਦੇ ਵਸਨੀਕਾਂ ਨੂੰ ਹੈ, ਨਾ ਕਿ ਕਿਸੇ ਹੋਰ ਤਾਕਤਵਰ ਦੇਸ਼ ਦੇ ਸ਼ਾਸਕ ਨੂੰ। ਕਿਸੇ ਸੁਤੰਤਰ ਰਾਸ਼ਟਰ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣਾ ਨਾ ਸਿਰਫ਼ ਲੋਕਤੰਤਰਕ ਮਰਿਆਦਾਵਾਂ ਦੇ ਵਿਰੁੱਧ ਹੈ, ਸਗੋਂ ਇਹ ਵਿਸ਼ਵ ਸ਼ਾਂਤੀ ਲਈ ਵੀ ਖ਼ਤਰਾ ਬਣ ਸਕਦਾ ਹੈ।


ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਆਗੂਆਂ ਨੇ ਇਹ ਵੀ ਦੋਸ਼ ਲਗਾਇਆ ਕਿ ਅਜਿਹੀਆਂ ਕਾਰਵਾਈਆਂ ਦੇ ਪਿੱਛੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿਤ ਲੁਕੇ ਹੋਏ ਹਨ, ਜੋ ਕੁਦਰਤੀ ਅਤੇ ਆਰਥਿਕ ਵਸੀਲਿਆਂ 'ਤੇ ਕਬਜ਼ਾ ਕਰਕੇ ਲੁੱਟ-ਖਸੁੱਟ ਨੂੰ ਜਨਮ ਦਿੰਦੇ ਹਨ। ਇਹ ਰੁਝਾਨ ਗਰੀਬ ਦੇਸ਼ਾਂ ਦੀ ਖੁਦਮੁਖਤਿਆਰੀ ਨੂੰ ਖੋਖਲਾ ਕਰਦਾ ਹੈ ਅਤੇ ਵਿਸ਼ਵ ਪੱਧਰ 'ਤੇ ਅਸਮਾਨਤਾ ਨੂੰ ਹੋਰ ਵਧਾਉਂਦਾ ਹੈ।

ਸੁਸਾਇਟੀ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਜ਼ਬਰਦਸਤੀ ਅਤੇ ਗੁੰਡਾਗਰਦੀ ਵਾਲੀਆਂ ਨੀਤੀਆਂ ਦਾ ਵਿਰੋਧ ਕਰੇ ਅਤੇ ਹਰ ਦੇਸ਼ ਦੀ ਸੰਪ੍ਰਭੂਤਾ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਯਕੀਨੀ ਬਣਾਏ।

ਵਰਲਡ ਪੰਜਾਬੀ ਟਾਈਮਜ਼ 19 ਜਨਵਰੀ 2026 ਦਿਨ ਸੋਮਵਾਰ

## ਬਹੁਪੱਖੀ ਰਚਨਾਕਾਰ ਜਸਵੀਰ ਸਿੰਘ ਭਲੂਰੀਆ ਦਾ ਨਿਵੇਕਲਾ ਉਪਰਾਲਾ 'ਨਵੀਆਂ ਬਾਤਾਂ'

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਪੰਜਾਬੀ ਸਾਹਿਤ ਦਾ ਆਕਾਸ਼ ਸਦਾ ਹੀ ਰਚਨਾਤਮਕ ਰੌਸ਼ਨੀ ਨਾਲ ਚਮਕਦਾ ਰਿਹਾ ਹੈ। ਹਰ ਯੁੱਗ ਵਿੱਚ ਕੁਝ ਅਜਿਹੇ ਰਚਨਾਕਾਰ ਜਨਮ ਲੈਂਦੇ ਹਨ ਜੋ ਨਾ ਸਿਰਫ਼ ਮੌਜੂਦਾ ਧਾਰਾਵਾਂ ਨੂੰ ਅੱਗੇ ਵਧਾਉਂਦੇ ਹਨ, ਸਗੋਂ ਨਵੀਆਂ ਦਿਸ਼ਾਵਾਂ ਅਤੇ ਨਵੇਂ ਰਸਤੇ ਵੀ ਤਲਾਸ਼ ਕਰਦੇ ਹਨ। ਜਸਵੀਰ ਸਿੰਘ ਭਲੂਰੀਆ ਇਸੇ ਪਰੰਪਰਾ ਦਾ ਇੱਕ ਨਿਮਰ ਪਰ ਪ੍ਰਭਾਵਸ਼ਾਲੀ ਨਾਮ ਹੈ। ਉਹ ਇੱਕ ਬਹੁਪੱਖੀ ਰਚਨਾਕਾਰ ਹੈ, ਜਿਸ ਦੀ ਕਲਮ ਨੇ ਗੀਤ, ਕਵਿਤਾ, ਵਿਅੰਗ, ਮਿੰਨੀ ਕਹਾਣੀ ਅਤੇ ਬਾਲ ਸਾਹਿਤ ਵਰਗੀਆਂ ਕਈ ਵਿਧਾਵਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਭਲੂਰੀਆ ਦੀ ਰਚਨਾਤਮਕ ਯਾਤਰਾ ਦੀ ਖ਼ਾਸੀਅਤ ਇਹ ਹੈ ਕਿ ਉਹ ਲਿਖਣ ਨੂੰ ਸਿਰਫ਼ ਪੇਸ਼ਕਾਰੀ ਨਹੀਂ, ਸਗੋਂ ਸਮਾਜ ਨਾਲ ਸੰਵਾਦ ਮੰਨਦਾ ਹੈ। ਉਸ ਦੇ ਗੀਤ, ਜੋ ਕੁਲਦੀਪ ਮਾਣਕ, ਗੁਰਪਾਲ ਸਿੰਘ ਪਾਲ ਅਤੇ ਹੋਰ ਪ੍ਰਸਿੱਧ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ, ਪੰਜਾਬੀ ਲੋਕਧਾਰਾ, ਦਰਦ, ਸੰਵੇਦਨਾ ਅਤੇ ਜੀਵਨ ਦੀ ਸੱਚਾਈ ਨੂੰ ਪੂਰੀ ਖੁਲ੍ਹ ਕੇ ਪ੍ਰਗਟ ਕਰਦੇ ਹਨ। ਇਹੀ ਗੁਣ ਉਸ ਦੀ ਕਵਿਤਾ ਅਤੇ ਵਿਅੰਗ ਵਿੱਚ ਵੀ ਸਪੱਸ਼ਟ ਦਿੱਸਦਾ ਹੈ, ਜਿੱਥੇ ਸਮਾਜਕ ਸਰੋਕਾਰਾਂ ਨੂੰ ਨੁਕਤੇਦਾਰ ਪਰ ਸਹਿਜ ਭਾਸ਼ਾ ਵਿੱਚ ਪੇਸ਼ ਕੀਤਾ ਜਾਂਦਾ ਹੈ।


ਭਲੂਰੀਆ ਦੀ ਨਵੀਂ ਪੁਸਤਕ 'ਨਵੀਆਂ ਬਾਤਾਂ' ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿੱਚ ਇੱਕ ਨਿਵੇਕਲਾ ਅਤੇ ਵਿਚਾਰਨਯੋਗ ਉਪਰਾਲਾ ਹੈ। ਇਸ ਪੁਸਤਕ ਦੀ ਕੇਂਦਰੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਲੋਕ ਬੁਝਾਰਤਾਂ ਨੂੰ ਕਾਵਿ ਰੂਪ ਵਿੱਚ ਪੇਸ਼ ਕਰ ਕੇ ਉਨ੍ਹਾਂ ਨੂੰ ਆਧੁਨਿਕ ਸੰਦਰਭਾਂ ਨਾਲ ਜੋੜਿਆ ਹੈ। ਬੁਝਾਰਤਾਂ ਪੰਜਾਬੀ ਲੋਕਧਾਰਾ ਦਾ ਉਹ ਅਮੋਲਕ ਖਜ਼ਾਨਾ ਹਨ, ਜੋ ਪੀੜ੍ਹੀ ਦਰ ਪੀੜ੍ਹੀ ਮੌਖਿਕ ਪਰੰਪਰਾ ਰਾਹੀਂ ਚੱਲਦੀਆਂ ਆਈਆਂ ਹਨ, ਪਰ ਸਮੇਂ ਦੇ ਨਾਲ ਨਾਲ ਇਹ ਪਰੰਪਰਾ ਹੌਲੀ-ਹੌਲੀ ਮੰਦੀ ਪੈਂਦੀ ਗਈ। 'ਨਵੀਆਂ ਬਾਤਾਂ' ਇਸ ਦਮ ਤੋੜ ਰਹੀ ਲੋਕ ਵਿਰਾਸਤ ਨੂੰ ਮੁੜ ਜੀਵੰਤ ਕਰਨ ਦੀ ਇੱਕ ਸੁਝਵਾਨ ਕੋਸ਼ਿਸ਼ ਹੈ।

ਪੁਸਤਕ ਵਿੱਚ ਹਰ ਬੁਝਾਰਤ ਨੂੰ ਛੇ–ਸੱਤ ਸਤਰਾਂ ਦੀ ਕਵਿਤਾ ਦੇ ਰੂਪ ਵਿੱਚ ਬੁਣਿਆ ਗਿਆ ਹੈ ਅਤੇ ਅਖੀਰਲੀ ਸਤਰ ਵਿੱਚ ਉਸ ਦਾ ਜਵਾਬ ਵੀ ਕਾਵਿ-ਰਚਨਾ ਦਾ ਹਿੱਸਾ ਬਣਦਾ ਹੈ। ਦੇਖਿਆ ਜਾਵੇ ਤਾਂ ਇਹ ਰੂਪਕਾਰੀ ਤਕਨੀਕ ਬਾਲ ਮਨੋਵਿਗਿਆਨ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਬੱਚਾ ਸਵਾਲ ਅਤੇ ਜਵਾਬ ਦੀ ਖੇਡ ਰਾਹੀਂ ਨਾ ਸਿਰਫ਼ ਸੋਚਦਾ ਹੈ, ਸਗੋਂ ਭਾਸ਼ਾ, ਲੈਅ ਅਤੇ ਤਾਲ ਨਾਲ ਵੀ ਰਾਬਤਾ ਜੋੜਦਾ ਹੈ। 'ਨਵੀਆਂ ਬਾਤਾਂ' ਵਿੱਚ ਸ਼ਾਮਲ ਬੁਝਾਰਤਾਂ ਸਿਰਫ਼ ਮਨੋਰੰਜਨਕ ਖੇਡ ਨਹੀਂ, ਸਗੋਂ ਬੱਚੇ ਦੀ ਸੋਚ, ਤਰਕ ਅਤੇ ਸਮਾਜਕ ਸਮਝ ਨੂੰ ਵਿਕਸਤ ਕਰਨ ਵਾਲੇ ਰਚਨਾਤਮਕ ਉਪਕਰਣ ਹਨ। ਮਿਸਾਲ ਵਜੋਂ ਇਹ ਬੁਝਾਰਤ ਦੇਖੋ-

ਦੇਖਿਆ ਇੱਕ ਅਨੋਖਾ ਮੰਦਰ।
ਜਾਤ ਪਾਤ ਨਹੀਂ ਇਸ ਦੇ ਅੰਦਰ।
ਇੱਕ ਨਹੀਂ ਅਨੇਕ ਪੁਜਾਰੀ।
ਜਿਨ੍ਹਾਂ 'ਤੇ ਵੱਡੀ ਜੁੰਮੇਵਾਰੀ।
ਸਾਰੇ ਧਰਮਾਂ ਦੇ ਸ਼ਰਧਾਲੂ।
ਉਪਦੇਸ਼ ਲੈਣਾ ਕਰਦੇ ਚਾਲੂ।

ਉਪਦੇਸ਼ ਲੈ ਕੇ ਇੱਥੋਂ ਜਾਂਦੇ ।
ਸਮਾਜ ਵਿਚ ਨੇ ਸੇਵਾ ਕਮਾਂਦੇ।
ਬੁੱਝੋ ਬੱਚਿਓ ਮੰਦਰ ਕਿਹੜਾ।
ਹਰ ਪਿੰਡ, ਹਰ ਸ਼ਹਿਰ 'ਚ ਜਿਹੜਾ।
ਕਿਸੇ ਬੱਚੇ ਨਾ ਚੁੱਕਿਆ ਹੱਥ।
ਭਲੂਰੀਏ ਨੇ ਫਿਰ ਦਿੱਤਾ ਦੱਸ।
ਮਨੁੱਖੀ ਜ਼ਿੰਦਗੀ ਦਾ ਇਹ ਮੂਲ।
ਬੱਚਿਓ ਇਹ ਤਾਂ ਹੈ 'ਸਕੂਲ'।

ਇਸ ਬੁਝਾਰਤ ਵਿੱਚ ਸਕੂਲ ਨੂੰ "ਅਨੋਖੇ ਮੰਦਰ" ਦੇ ਰੂਪ ਵਿੱਚ ਪੇਸ਼ ਕਰਨਾ ਲੇਖਕ ਦੀ ਦ੍ਰਿਸ਼ਟੀ ਦੀ ਵਿਸ਼ਾਲਤਾ ਨੂੰ ਦਰਸਾਉਂਦਾ ਹੈ। ਇੱਥੇ ਸਕੂਲ ਸਿਰਫ਼ ਇਮਾਰਤ ਨਹੀਂ, ਸਗੋਂ ਬਰਾਬਰੀ, ਧਰਮ ਨਿਰਪੇਖਤਾ ਅਤੇ ਸਮਾਜਕ ਜ਼ਿੰਮੇਵਾਰੀ ਦਾ ਕੇਂਦਰ ਬਣ ਜਾਂਦਾ ਹੈ। ਜਾਤ-ਪਾਤ ਤੋਂ ਉੱਪਰ ਉੱਠ ਕੇ 'ਅਨੇਕ ਪੁਜਾਰੀ' ਵਜੋਂ ਅਧਿਆਪਕਾਂ ਦੀ ਭੂਮਿਕਾ ਦਰਸਾਉਣਾ ਬੱਚੇ ਦੇ ਮਨ ਵਿੱਚ ਸਿੱਖਿਆ ਪ੍ਰਤੀ ਸਤਿਕਾਰ ਪੈਦਾ ਕਰਦਾ ਹੈ। ਇਕ ਹੋਰ ਬੁਝਾਰਤ ਹੈ-



ਅਮੀਰ ਹੋਵੇ ਜਾਂ ਹੋਵੇ ਮਲੰਗ।
ਸਭ ਦਾ ਹੀ ਮੈਂ ਢਕਾਂ ਨੰਗ।
ਟੁੱਟੇ ਜੋੜਨਾ ਮੇਰਾ ਕਰਮ।
ਇਹੋ ਸਮਝਾਂ ਆਪਣਾ ਕਰਮ।
ਬੱਚਿਓ ਮੇਰਾ ਬਾਪ ਹੈ 'ਹੋ'।
ਮੈਂ ਨਾ ਹੁੰਦੀ, ਹੁੰਦਾ ਨਾ ਉਹ।
ਜਿਉਂ ਜਿਉਂ ਵਧੇ ਉਮਰ ਦਾ ਭਾਰ।
ਹੁੰਦੀ ਜਾਵਾਂ ਮੈਂ ਮੁਟਿਆਰ।
ਬੱਚਿਓ ਬੁੱਝੋ ਮੇਰਾ ਨਾਂਅ।
ਖੜ੍ਹੀ ਕਰੋ ਹੁਣ ਸੱਜੀ ਬਾਂਹ।
ਸਾਡੀ ਸਭ ਦੀ ਹੈ ਭਿਆਂ।
ਆਪੇ ਆਪਣਾ ਦੱਸਦੇ ਨਾਂਅ।
ਪੈਂਟ, ਸ਼ਰਟ, ਬਣਾਵਾਂ ਜੀਨ।
ਬੱਚਿਓ ਮੈਂ ਸਿਲਾਈ ਮਸ਼ੀਨ।

ਇਹ ਬੁਝਾਰਤ 'ਸਿਲਾਈ ਮਸ਼ੀਨ' ਨੂੰ ਕੇਂਦਰ ਵਿੱਚ ਰੱਖ ਕੇ ਮਿਹਨਤ, ਉਪਯੋਗਤਾ ਅਤੇ ਸਮਾਜਕ ਬਰਾਬਰੀ ਦੇ ਸੰਦੇਸ਼ ਦਿੰਦੀ ਹੈ। 'ਅਮੀਰ ਹੋਵੇ ਜਾਂ ਹੋਵੇ ਮਲੰਗ' ਵਰਗੀਆਂ ਪੰਕਤੀਆਂ ਬੱਚੇ ਨੂੰ ਇਹ ਸਿਖਾਉਂਦੀਆਂ ਹਨ ਕਿ ਮਿਹਨਤ ਦਾ ਮੁਲ ਕਿਸੇ ਵਰਗ ਜਾਂ ਹੈਸੀਅਤ ਨਾਲ ਨਹੀਂ ਜੁੜਿਆ ਹੁੰਦਾ। ਇੱਥੇ ਨਾਰੀ ਤੱਤ ਦਾ ਸੰਕੇਤ ਵੀ ਸੁਖਮ ਢੰਗ ਨਾਲ ਮੌਜੂਦ ਹੈ, ਜੋ ਬਾਲ ਸਾਹਿਤ ਵਿੱਚ ਬਰਾਬਰੀ ਦੀ ਸੋਚ ਨੂੰ ਉਤਸ਼ਾਹਿਤ ਕਰਦਾ ਹੈ। ਬੁਝਾਰਤ ਦਾ ਇਕ ਰੰਗ ਹੋਰ-

ਕਾਗਜ਼ ਵਰਗੀ ਹੋਲੀ ਫੁੱਲ।
ਰੂਪ ਪੈਂਦਾ ਏ ਡੁੱਲ੍ਹ-ਡੁੱਲ੍ਹ।
ਇੱਕ, ਦੋ ਨਹੀਂ, ਅਨੇਕਾਂ ਰੰਗ।
ਉਸ ਦੇ ਅਸਲੋਂ ਨਾਜ਼ੁਕ ਅੰਗ।
ਬਹੁਤਾ ਚਿਰ ਨਾ ਟਿਕ ਖਲੋਵੇ ।
ਹੱਥ ਲਾਇਆਂ ਵੀ ਮੈਲੀ ਹੋਵੇ।
ਕੁਦਰਤ ਦੀ ਹੈ ਕਿਰਤ ਨਿਆਰੀ।
ਤਾਂ ਹੀ ਸਭ ਨੂੰ ਲੱਗੇ ਪਿਆਰੀ।
ਭਲੂਰੀਏ ਦੀ ਹੁਣ ਬੁੱਝੋ ਬਾਤ।
ਕੁਦਰਤ ਦੀ ਇਹ ਕੀ ਸੌਗਾਤ।
ਸਾਰੇ ਬੱਚੇ ਲੱਗ ਪਏ ਸੋਚਣ।
ਬੁਝਾਰਤ ਦਾ ਉੱਤਰ ਖੋਜਣ।
ਬਬਲੀ ਸਭ ਤੋਂ ਤੇਜ਼ ਨਿਕਲੀ।
ਕਹਿੰਦੀ ਅੰਕਲ ਇਹ ਹੈ ਤਿਤਲੀ।

ਇਹ ਬੁਝਾਰਤ 'ਤਿਤਲੀ' ਰਾਹੀਂ ਕੁਦਰਤ ਦੀ ਨਜ਼ਾਕਤ, ਅਸਥਿਰਤਾ ਅਤੇ ਸੁੰਦਰਤਾ ਨੂੰ ਕਾਵਿ ਰੂਪ ਵਿੱਚ ਪੇਸ਼ ਕਰਦੀ ਹੈ। ਇਹ ਬੁਝਾਰਤ ਬੱਚੇ ਨੂੰ ਕੁਦਰਤ ਨਾਲ ਜੁੜਨ, ਉਸ ਦੀ ਸੰਭਾਲ ਕਰਨ ਅਤੇ ਉਸ ਦੀ ਕਦਰ ਸਮਝਣ ਵੱਲ ਪ੍ਰੇਰਿਤ ਕਰਦੀ ਹੈ। ਬੁਝਾਰਤ ਦਾ ਹੱਲ ਖੋਜਣ ਦੀ ਪ੍ਰਕਿਰਿਆ ਬੱਚੇ ਦੇ ਅੰਦਰ ਜਿਗਿਆਸਾ ਅਤੇ ਨਿਰੀਖਣ ਦੀ ਸਮਰੱਥਾ ਨੂੰ ਮਜ਼ਬੂਤ ਕਰਦੀ ਹੈ।

'ਨਵੀਆਂ ਬਾਤਾਂ' ਦੀ ਹੋਰ ਵੱਡੀ ਤਾਕਤ ਇਸ ਦੇ ਵਿਸ਼ਿਆਂ ਦੀ ਵਿਸ਼ਾਲਤਾ ਹੈ। ਪੁਸਤਕ ਵਿੱਚ ਵਿਰਸਾ, ਸਭਿਆਚਾਰ, ਵਾਤਾਵਰਣ ਸੰਭਾਲ, ਸਫ਼ਾਈ, ਸਿਹਤ, ਤਕਨਾਲੋਜੀ, ਮਾਨਵੀ ਮੁੱਲ, ਸਮਾਜਕ ਜ਼ਿੰਮੇਵਾਰੀ, ਵਿਸ਼ਵ ਅਤੇ ਬ੍ਰਹਿਮੰਡ ਵਰਗੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਇਹ ਸਾਰੇ ਵਿਸ਼ੇ ਅਜਿਹੇ ਹਨ ਜੋ ਅੱਜ ਦੇ ਬੱਚੇ ਦੀ ਸੋਚ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇੱਥੇ ਲੇਖਕ ਦੀ ਰਚਨਾਤਮਕ ਕਾਬਲੀਅਤ ਇਸ ਗੱਲ ਵਿੱਚ ਨਜ਼ਰ ਆਉਂਦੀ ਹੈ ਕਿ ਉਹ ਏਨੇ ਗੰਭੀਰ ਵਿਸ਼ਿਆਂ ਨੂੰ ਵੀ ਸਧਾਰਣ, ਸੁਗਮ ਅਤੇ ਮਨੋਰੰਜਕ ਭਾਸ਼ਾ ਵਿੱਚ ਪੇਸ਼ ਕਰਦਾ ਹੈ। ਕਿਤੇ ਵੀ ਭਾਸ਼ਾ ਭਾਰੂ ਜਾਂ ਉਪਦੇਸ਼ਕ ਨਹੀਂ ਬਣਦੀ, ਸਗੋਂ ਖੇਡ-ਖੇਡ ਵਿੱਚ ਗਿਆਨ ਦੇ ਬੀਜ ਬੱਚੇ ਦੇ ਮਨ ਵਿੱਚ ਬੋ ਦਿੱਤੇ ਜਾਂਦੇ ਹਨ। ਆਲੋਚਨਾਤਮਕ ਦ੍ਰਿਸ਼ਟੀ ਨਾਲ ਇਹ ਗੁਣ ਕਿਸੇ ਵੀ ਉੱਤਮ ਬਾਲ ਸਾਹਿਤ ਦੀ ਪਛਾਣ ਹੈ।

'ਨਵੀਆਂ ਬਾਤਾਂ' ਸਿਰਫ਼ ਇੱਕ ਬਾਲ ਪੁਸਤਕ ਨਹੀਂ, ਸਗੋਂ ਇੱਕ ਸੱਭਿਆਚਾਰਕ ਦਸਤਾਵੇਜ਼ ਵੀ ਹੈ। ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਪਰਿਵਾਰਾਂ ਲਈ, ਜਿੱਥੇ ਮਾਂ-ਬੋਲੀ ਨਾਲ ਨਾਤਾ ਹੌਲੀ-ਹੌਲੀ ਕਮਜ਼ੋਰ ਪੈਂਦਾ ਜਾ ਰਿਹਾ ਹੈ, ਇਹ ਪੁਸਤਕ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਵਿਰਸੇ ਨਾਲ ਜੋੜਨ ਦਾ ਸਾਧਨ ਬਣ ਸਕਦੀ ਹੈ। ਬੁਝਾਰਤਾਂ ਰਾਹੀਂ ਬੱਚਾ ਸਿਰਫ਼ ਸ਼ਬਦ ਨਹੀਂ ਸਿੱਖਦਾ, ਸਗੋਂ ਸੋਚਣ, ਸਮਝਣ ਅਤੇ ਦਲੀਲ ਦੀ ਯੋਗਤਾ ਵੀ ਵਿਕਸਤ ਕਰਦਾ ਹੈ।

ਪੰਜਾਬੀ ਬਾਲ ਸਾਹਿਤ ਨੂੰ ਜੇ ਅਸੀਂ ਪੰਜਾਬੀ ਪਛਾਣ ਦੀ ਨਰਮ ਮਿੱਟੀ ਕਹੀਏ ਤਾਂ 'ਨਵੀਆਂ ਬਾਤਾਂ' ਉਸ ਮਿੱਟੀ ਵਿੱਚ ਪਾਇਆ ਗਿਆ ਇੱਕ ਮਜ਼ਬੂਤ ਬੀਜ ਹੈ। ਜਿੰਨੀਆਂ ਵੱਧ ਅਜਿਹੀਆਂ ਰਚਨਾਵਾਂ ਬੱਚਿਆਂ ਤੱਕ ਪਹੁੰਚਣਗੀਆਂ, ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਓਨੀਆਂ ਹੀ ਮਜ਼ਬੂਤ ਹੋਣਗੀਆਂ।

ਜਸਵੀਰ ਸਿੰਘ ਭਲੂਰੀਆ ਦੀ ਪੁਸਤਕ 'ਨਵੀਆਂ ਬਾਤਾਂ' ਰੂਪਕਾਰੀ ਨਵਚੇਤਨਾ, ਵਿਸ਼ਿਆਂ ਦੀ ਸਮਕਾਲੀ ਅਤੇ ਸੱਭਿਆਚਾਰਕ ਜ਼ਿੰਮੇਵਾਰੀ ਦਾ ਸੁੰਦਰ ਮੇਲ ਹੈ। ਇਹ ਰਚਨਾ ਬਾਲ ਸਾਹਿਤ ਨੂੰ ਮਨੋਰੰਜਨ ਤੋਂ ਉੱਪਰ ਉਠਾ ਕੇ ਸਿੱਖਿਆ ਅਤੇ ਸੰਵੇਦਨਾ ਨਾਲ ਜੋੜਦੀ ਹੈ। ਜਸਵੀਰ ਸਿੰਘ ਭਲੂਰੀਆ ਨੂੰ ਇਸ ਕੀਮਤੀ ਉਪਰਾਲੇ ਲਈ ਦਿਲੋਂ ਮੁਬਾਰਕਬਾਦ ਦੇਣੀ ਬਣਦੀ ਹੈ। ਆਸ ਹੈ ਕਿ ਉਹ ਭਵਿੱਖ ਵਿਚ ਵੀ ਇਸੇ ਜੋਸ਼, ਸਮਰਪਣ ਅਤੇ ਸੂਝ ਨਾਲ ਪੰਜਾਬੀ ਮਾਂ-ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਸੇਵਾ ਕਰਦਾ ਰਹੇਗਾ।

ਮੇਰੇ ਅੰਦਰ ਵੀ ਹੈ ਲੋਚੀ ਜਿਹਾ ਕੁਝ,
ਮੈਂ ਵੈਰੀ ਦੇ ਵੀ ਸੀਨੇ ਧੜਕਦਾ ਹਾਂ!

## ਤਰਕਸ਼ੀਲਾਂ ਨੇ ਤਰਕਸ਼ੀਲ ਕੈਲੰਡਰ ਲੋਕ ਅਰਪਣ ਕੀਤਾ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਸੰਗਰੂਰ 19 ਜਨਵਰੀ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਪ੍ਰਧਾਨਗੀ ਹੇਠ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਤੇ ਮੀਡੀਆ ਮੁਖੀ ਪ੍ਰਗਟ ਸਿੰਘ ਬਾਲੀਆਂ ਨੇ ਦੱਸਿਆ ਕਿ ਮੈਗਜ਼ੀਨ ਵਿੱਚ ਪਿਛਲੇ ਕੰਮਾਂ ਦਾ ਲੇਖਾ ਜੋਖਾ ਕੀਤਾ ਗਿਆ। ਤਰਕਸ਼ੀਲ ਮੈਗਜ਼ੀਨ ਦੀ ਵੰਡ ਕਰਦਿਆਂ ਵਿਚਾਰ ਕੀਤਾ ਗਿਆ ਕਿ ਇਸ ਸਾਲ ਵੀ ਮੈਗਜ਼ੀਨ ਦੇ ਪਾਠਕਾਂ ਦਾ ਵਿਸਥਾਰ ਕੀਤਾ ਜਾਵੇ ਤੇ ਮੈਗਜ਼ੀਨ ਦੀ ਗਿਣਤੀ ਵਧਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ। ਤਰਕਸ਼ੀਲ ਕੈਲੰਡਰ ਲੋਕ ਅਰਪਣ ਕਰਦਿਆਂ ਫੈਸਲਾ ਕੀਤਾ ਗਿਆ ਕਿ ਕੈਲੰਡਰ ਵੱਧ ਤੋਂ ਵੱਧ ਗਿਣਤੀ ਵਿੱਚ ਹਮਦਰਦਾਂ ਦੇ ਘਰੇ ਪਹੁੰਚਾਏ ਜਾਣਗੇ। ਮੀਟਿੰਗ ਵਿੱਚ ਐਡਵੋਕੇਟ ਦਿਲਜੋਤ ਸ਼ਰਮਾ ਦੀ ਭੇਦਭਰੀ ਮੌਤ ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ । ਮੀਟਿੰਗ ਵਿੱਚ ਸੁਰਿੰਦਰ ਪਾਲ ਉਪਲੀ ਦੀ ਜੀਵਨ ਸਾਥਣ ਵਨੀਤਾ ਦੀ ਸੇਵਾ ਮੁਕਤੀ 'ਤੇ ਮੁਬਾਰਕਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬੇ, ਸੰਗਰੂਰ - ਬਰਨਾਲਾ ਜੋਨ ਤੇ ਸਥਾਨਕ ਇਕਾਈ ਨੂੰ ਕਾਫੀ ਆਰਥਿਕ ਵੀ ਦਿੱਤੀ।
ਮੀਟਿੰਗ ਵਿੱਚ ਸੀਤਾ ਰਾਮ ਬਾਲਦ ਕਲਾਂ,ਗੁਰਦੀਪ ਸਿੰਘ ਲਹਿਰਾ, ਗੁਰਜੰਟ ਸਿੰਘ, ਪ੍ਰਗਟ ਸਿੰਘ, ਕ੍ਰਿਸ਼ਨ ਸਿੰਘ, ਮਨਧੀਰ ਸਿੰਘ, ਮਾਸਟਰ ਰਣਜੀਤ ਸਿੰਘ ਨੇ ਸ਼ਮੂਲੀਅਤ ਕੀਤੀ।

## ਧਰਮ ਦੇ ਠੇਕੇਦਾਰੋ?

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਵੱਡੀ ਗਿਣਤੀ ਵਿੱਚ ਸਰੂਪ ਹੋਏ ਚੋਰੀ ,
ਪਤਾ ਲੱਗੇ ਨਾ ਕਿਸ ਦਾ ਹੱਥ ਮੀਆਂ।

ਪਤਾ ਕਰੋ ਕਹਿਣ,ਸਰੂਪ ਗਏ ਕਿੱਥੇ,
ਲਾ ਧਰਨੇ ਘੇਰੇ ਲੋਕਾਂ ਪੱਥ ਮੀਆਂ।

ਸਿਟ ਬਣਾਈ ਜਿਹੜੀ ਹਾਕਮਾਂ ਨੇ,
ਕਰ ਰਹੀ ਉਹ ਕੱਠੇ ਤੱਥ ਮੀਆਂ।

ਜਾਵੇ ਨਿੱਤਰ ਦੁੱਧ ਦਾ ਦੁੱਧ ਪਾਣੀ,
ਬੰਦ ਹੋਵੇ ਲੋਕਾਂ ਦੀ ਕੱਥ ਮੀਆਂ।

ਸਭ ਤੋਂ ਸ੍ਰੇਸ਼ਟ ਗੁਰੂ ਸਾਹਬ ਸਾਡੇ,
ਪਾਪ ਜਾਣੇ ਕਿਵੇਂ ਇਹ ਲੱਥ ਮੀਆਂ।


ਕਿੰਨੇ ਸਾਲਾਂ ਤੋਂ ਇਹ ਸੀ ਮੰਗ ਵੱਡੀ,
ਗੱਲ ਗੋਲ੍ਹੀ ਨਾ ਕਿਸੇ ਵੀ ਸੱਥ ਮੀਆਂ।

ਹੋਵੇ ਕੋਈ ਜੋ ਦੋਸ਼ੀ ਜਾਵੇ ਪਾਇਆ,
ਸਜ਼ਾ ਮਿਲੇ ਮਿਸਾਲੀ ਅਕੱਥ ਮੀਆਂ।

ਪੰਜਾਬ ਵੱਸਦਾ ਗੁਰਾਂ ਦੇ ਨਾਂ 'ਪੱਤੋ',
ਸਚਾਈ ਆਉਣੀ ਕਾਨੂੰਨ ਮੱਥ ਮੀਆਂ।

## ਆਪ ਨੂੰ ਝਟਕਾ-ਬੰਗਾ ਤੋਂ ਐਮ ਐਲ ਏ ਡਾਕਟਰ ਸੁਖਵਿੰਦਰ ਸੁਖੀ ਨੇ ਚੇਅਰਮੈਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ


ਵਰਲਡ ਪੰਜਾਬੀ ਟਾਈਮਜ਼



ਬੰਗਾ 19 ਜਨਵਰੀ : ਬੰਗਾ ਤੋਂ ਐਮ ਐਲ ਏ ਡਾਕਟਰ ਸੁਖਵਿੰਦਰ ਸੁਖੀ ਨੇ ਚੇਅਰਮੈਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ ਦੇ ਦਿੱਤਾ ਹੈ
ਸੁੱਖੀ ਦਾ ਕਹਿਣਾ ਹੈ ਕਿ ਰਾਜਾ ਸਾਹਿਬ ਦੇ ਸਤਿਕਾਰ ਲਈ ਮੈ ਕਿਸੇ ਵੀ ਹੱਦ ਤੱਕ ਜਾ ਸਕਦਾ ਹਾ , ਉਹਨਾਂ ਚੇਅਰਮੈਨ ਕਨਵੇਅਰ ਦੇ ਅਹੁਦੇ ਤੋ ਅਸਤੀਫਾ ਦਿੰਦਾ ਹਾਂ।
ਪਿਛਲੇ ਕਈ ਦਿਨਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਲਾਪਤਾ ਹੋਣ ਦਾ ਮਾਮਲਾ ਭਖਿਆ ਹੋਇਆ ਹੈ ਡਾਕਟਰ ਸੁੱਖੀ ਦੇ ਅਸਤੀਫੇ ਨੂੰ ਆਮ ਆਦਮੀ ਪਾਰਟੀ ਲਈ ਇੱਕ ਵੱਡੇ ਝਟਕੇ ਦੇ ਰੂਪ ਵਿੱਚ ਦੇਖਿਆ ਜਾ ਰਿਹਾ

## ਰੋਜ਼ਾਨਾ ਜੀਵਨ ਦੇ ਅਨੁਭਵਾਂ ਤੇ ਆਧਾਰਿਤ ਮਿੰਨੀ ਕਹਾਣੀ ਸੰਗ੍ਰਹਿ- ਨਿਰਮੋਹੇ

ਵਰਲਡ ਪੰਜਾਬੀ ਟਾਈਮਜ਼
ਡਾ.ਸੰਦੀਪ ਰਾਣਾ




ਪੁਸਤਕ: ਨਿਰਮੋਹੇ
ਲੇਖਕ : ਮਹਿੰਦਰ ਸਿੰਘ ਮਾਨ
ਪੰਨੇ : 95
ਮੁੱਲ : 200 ਰੁਪਏ
ਪ੍ਰਕਾਸ਼ਕ : ਨਵਰੰਗ ਪਬਲੀਕੇਸ਼ਨਜ਼, ਸਮਾਣਾ
ਰਿਵੀਊਕਾਰ : ਡਾ. ਸੰਦੀਪ ਰਾਣਾ

ਮਹਿੰਦਰ ਸਿੰਘ ਮਾਨ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸਥਾਪਿਤ ਹਸਤਾਖ਼ਰ ਹੈ। ਉਸ ਦੇ ਛੇ ਕਾਵਿ ਸੰਗ੍ਰਹਿ ਚੜ੍ਹਿਆ ਸੂਰਜ, ਫੁੱਲ ਤੇ ਖ਼ਾਰ, ਸੂਰਜ ਦੀਆਂ ਕਿਰਨਾਂ, ਖ਼ਜ਼ਾਨਾ, ਸੂਰਜ ਹਾਲੇ ਡੁੱਬਿਆ ਨਹੀਂ, ਜ਼ਿੰਦਗੀ ਦੀ ਪੂੰਜੀ ਤੇ ਇਕ ਗ਼ਜ਼ਲ ਸੰਗ੍ਰਹਿ ਮਘਦਾ ਸੂਰਜ ਛਪ ਚੁੱਕੇ ਹਨ। ਵਿਚਾਰ ਅਧੀਨ ਪੁਸਤਕ 'ਨਿਰਮੋਹੇ' ਉਸ ਦਾ ਪਹਿਲਾ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਵਿੱਚ ਉਸ ਨੇ 79 ਮਿੰਨੀ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਮੁੱਖ ਅਧਿਆਪਕ ਵਜੋਂ ਰਿਟਾਇਰ ਹੋਇਆ ਮਹਿੰਦਰ ਸਿੰਘ ਮਾਨ ਅਸਲ ਵਿੱਚ ਵਿਗਿਆਨ ਦਾ ਅਧਿਆਪਕ ਸੀ। ਇਸੇ ਕਾਰਨ ਵਿਗਿਆਨ ਨਾਲ ਸਬੰਧਤ ਵਿਸ਼ੇ, ਅਨੁਭਵ ਤੇ ਸ਼ਬਦਾਵਲੀ ਇਨ੍ਹਾਂ ਮਿੰਨੀ ਕਹਾਣੀਆਂ ਵਿੱਚ ਵਰਤੀ ਗਈ ਹੈ। ਉਹ ਆਮ ਤੌਰ ਤੇ ਰੋਜ਼ਾਨਾ ਜੀਵਨ ਦੇ ਅਨੁਭਵਾਂ ਨੂੰ ਆਧਾਰ ਬਣਾ ਕੇ ਆਮ ਵਸੇਵੇ ਦੇ ਖਾਸ ਪਾਤਰਾਂ ਬਾਰੇ ਮਿੰਨੀ ਕਹਾਣੀਆਂ ਰਚਦਾ ਹੈ। ਉਸ ਦੀ ਕਲਪਿਤ ਸਰੋਕਾਰਾਂ ਨੂੰ ਚਿਤਰਨ ਦੀ ਕਾਬਲੀਅਤ ਉਸ ਦੀਆਂ ਮਿੰਨੀ ਕਹਾਣੀਆਂ ਦੇ ਪਾਤਰਾਂ ਵਿੱਚੋਂ ਦਿਸਦੀ ਹੈ। ਜ਼ਿਆਦਾਤਰ ਮਿੰਨੀ ਕਹਾਣੀਆਂ ਦੇ ਸਿਰਲੇਖ ਉਸ ਮਿੰਨੀ ਕਹਾਣੀ ਨੂੰ ਪੜ੍ਹਨ ਦੀ ਉਤਸੁਕਤਾ ਨੂੰ ਵਧਾਉਂਦੇ ਹਨ ਤੇ ਪਾਠਕ ਇਸੇ ਉਤਸੁਕਤਾ ਤਹਿਤ ਇੱਕੋ ਸਾਹੇ ਸਾਰੀ ਪੁਸਤਕ ਪੜ੍ਹ ਜਾਂਦਾ ਹੈ। ਮਿੰਨੀ ਕਹਾਣੀਆਂ ਨੈਤਿਕਤਾ ਦਾ ਪਾਠ ਪੜ੍ਹਾਉਂਦੀਆਂ ਹਨ ਤੇ ਸਭ ਵਸਤਾਂ ਦੇ ਗੁਣਾਤਮਿਕ ਪੱਖ ਨੂੰ ਵੇਖਣ ਦੀ ਪ੍ਰੇਰਨਾ ਦਿੰਦੀਆਂ ਹਨ। ਇਸ ਪੁਸਤਕ ਦੀਆਂ ਵਧੀਆ ਮਿੰਨੀ ਕਹਾਣੀਆਂ ਵਿੱਚ ਅਣਗਹਿਲੀ, ਰੱਖੜੀ, ਵਧਾਈ, ਭਵਿੱਖਬਾਣੀ, ਜ਼ਲੀਲ, ਭੁੱਖ, ਫੈਸਲਾ, ਇਤਰਾਜ਼, ਨੁਕਸਾਨ, ਲਿਫ਼ਾਫ਼ਾ, ਭਾਰ, ਵਿਚਾਰੇ, ਚਿੰਤਾ, ਵਾਰੀ, ਪਤੰਗ, ਘਾਟ, ਪਲਾਟ, ਰਾਖੀ, ਡਰ, ਹਿੰਮਤ, ਬੋਝ, ਨਿਰਮੋਹੇ, ਗੁਰਦੁਆਰਾ, ਗਹਿਣੇ, ਵੋਟਾਂ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਉਸ ਨੂੰ ਮਿੰਨੀ ਕਹਾਣੀਆਂ ਲਿਖਣ ਦੀ ਪ੍ਰੇਰਨਾ ਅਣੂ ਨਾਂ ਦੀ ਮਿੰਨੀ ਪੱਤਰਕਾ ਅਤੇ ਮਿੰਨੀ ਤ੍ਰੈਮਾਸਿਕ ਮੈਗਜ਼ੀਨ ਤੋਂ ਮਿਲੀ। ਇਸ ਪੁਸਤਕ ਦੀ ਪ੍ਰਕਾਸ਼ਨਾ ਸਮੇਂ ਤੱਕ ਮਹਿੰਦਰ ਸਿੰਘ ਮਾਨ ਨੂੰ ਇਸ ਖੇਤਰ ਵਿੱਚ ਸਥਾਪਿਤ ਹਸਤਾਖ਼ਰ ਮੰਨਿਆ ਗਿਆ ਹੈ। ਉਸ ਦੀ ਕਲਾਤਮਿਕਤਾ ਉਸ ਦੁਆਰਾ ਅਸਲੀਅਤ ਚਿਤਰਨ ਵਿੱਚ ਹੈ। ਇਸੇ ਲਈ ਇਹ ਮਿੰਨੀ ਕਹਾਣੀਆਂ ਪਾਠਕਾਂ ਤੇ ਹਾਂ -ਪੱਖੀ ਪ੍ਰਭਾਵ ਪਾਉਂਦੀਆਂ ਹਨ। ਇਸ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਮਹਿੰਦਰ ਸਿੰਘ ਮਾਨ ਨੇ ਠੇਠ ਇਲਾਕਾਈ ਉਪ ਬੋਲੀ ਦੀ ਵਰਤੋਂ ਕੀਤੀ ਹੈ। ਉਸ ਵੱਲੋਂ ਬਿਆਨੀਆਂ, ਵਰਣਾਤਮਕ ਅਤੇ ਵਾਰਤਾਲਾਪੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਇਸ ਢੰਗ ਨਾਲ ਉਹ ਮਿੰਨੀ ਕਹਾਣੀ ਦੇ ਖੇਤਰ ਵਿੱਚ ਨਿਵੇਕਲੇ ਢੰਗ ਦੀਆਂ ਮਿੰਨੀ ਕਹਾਣੀਆਂ ਕਾਰਨ ਆਪਣੀ ਹੋਂਦ ਸਥਾਪਤ ਕਰਦਾ ਹੈ।